# ਮੁੰਦਾਵਣੀ

(ਡਾ. ਪੂਰਨ ਸਿੰਘ ਜੀ, ਵੈਨਕੂਵਰ)

ਲੇਖਕ : ਗਿਆਨੀ ਗੁਰਦਿੱਤ ਸਿੰਘ
ਪੰਨੇ : 301 (ਤਸਵੀਰਾਂ ਸਹਿਤ)
ਛਾਪਕ : ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ
ਮੁੱਲ : 400/- ਰੁਪਏ

ਇਹ ਪੁਸਤਕ ਜੁਲਾਈ 2003 ਵਿਚ ਛਪੀ ਹੈ। ਪੁਸਤਕ ਦੀ ਬਾਹਰੀ ਦਿੱਖ ਬਹੁਤ ਸੁੰਦਰ ਹੈ ਅਤੇ ਇਸ ਦਾ ਵਿਸ਼ਾ-ਵਸਤੂ ਗਿਆਨ ਦਾ ਅਮੋਲ ਖ਼ਜ਼ਾਨਾ ਹੈ। ਵਿਦਵਾਨ ਲੇਖਕ ਨੇ ਇਸ ਪੁਸਤਕ ਨੂੰ ਲਿਖਣ ਲਈ ਬਹੁਤ ਕਰੜੀ ਘਾਲਣਾ ਕੀਤੀ ਜਾਪਦੀ ਹੈ। ਇਸ 'ਮੁੰਦਾਵਣੀ' ਪੁਸਤਕ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ, ਉਨ੍ਹਾਂ ਦਾ ਇਤਿਹਾਸ ਅਤੇ ਪ੍ਰਮਾਣਿਕ ਪ੍ਰਚਲਤ ਜਾਂ ਅਣ-ਪ੍ਰਚਲਤ ਬੀੜਾਂ ਬਾਰੇ ਵਿਸਤਾਰ-ਪੂਰਵਕ ਪੇਸ਼ ਕਰਦੇ ਹਨ। ਨਾਲ ਅਸਲ ਲੇਖ ਜੋ ਕਿ ਮੁੰਦਾਵਣੀ ਸਿਰਲੇਖ ਅਤੇ ਇਸ ਦੇ ਅਰਥਾਂ ਬਾਰੇ ਦੀ ਚਰਚਾ ਹੈ ਅਤੇ ਵੱਖ-ਵੱਖ ਕੋਸ਼ਾਂ ਅਤੇ ਵਿਦਵਾਨਾਂ ਦੀਆਂ ਰਾਵਾਂ ਨੂੰ ਆਧਾਰ ਬਣਾਇਆ ਗਿਆ ਹੈ।

ਇਸ ਪੁਸਤਕ ਦਾ ਮੁੱਖ ਵਿਸ਼ਾ 'ਰਾਗਮਾਲਾ' ਹੈ, ਜਿਸ ਦੀ ਚਰਚਾ ਵੀਹਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਦੌਰਾਨ ਸ਼ੁਰੂ ਹੋਈ। ਖ਼ਾਲਸਾ ਪੰਥ ਵਲੋਂ ਸਹਿਮਤੀ ਹੋਈ ਕਿ ਰਾਗਮਾਲਾ ਨੂੰ ਨਾ ਪੜ੍ਹਿਆ ਜਾਵੇ ਅਤੇ ਭੋਗ ਮੁੰਦਾਵਣੀ 'ਤੇ ਪਾਉਣ ਲਈ ਪੰਥਕ ਆਦੇਸ਼ ਜਾਰੀ ਹੋਏ। ਇਸ ਪਿੱਛੋਂ ਕੁਝ ਸੰਸਥਾਵਾਂ ਵਲੋਂ ਜਾਰੀ ਕਾਰਨਾਂ ਨੂੰ ਆਧਾਰ ਬਣਾ ਕੇ ਇਸ ਮਹਾਨ ਪੰਥਕ ਫ਼ੈਸਲੇ ਦਾ ਜਾਣ ਬੁੱਝ ਕੇ ਵਿਰੋਧ ਹੋਇਆ। ਇਨ੍ਹਾਂ ਸਾਰੇ ਇਤਿਹਾਸਕ ਤੱਥਾਂ ਨੂੰ ਵਿਦਵਾਨ ਲੇਖਕ ਨੇ ਪੇਸ਼ ਕੀਤਾ ਹੈ, ਤਾਂ ਜੁ ਸਮੂਹ ਲੋਕਾਂ, ਪੰਥਕ ਜਥੇਬੰਦੀਆਂ ਅਤੇ ਏਕੀ ਧੜਿਆਂ ਨੂੰ ਅਸਲੀਅਤ ਬਾਰੇ ਜਾਣਕਾਰੀ ਹੋ ਜਾਵੇ।

ਪੰਥ ਦੇ ਤਕਰੀਬਨ ਸਮੂਹ ਗੁਰਬਾਣੀ ਦੇ ਵਿਆਖਿਆਕਾਰਾਂ ਨੇ ਮੁੰਦਾਵਣੀ ਪਿੱਛੋਂ ਸ਼ਾਮਲ ਹੋਈ 'ਰਾਗਮਾਲਾ' ਨੂੰ ਕੋਈ ਵਿਸ਼ੇਸ਼ ਅਹਿਮੀਅਤ ਨਹੀਂ ਦਿੱਤੀ। ਜਿਥੇ ਜਿੱਥੇ ਅਜੇਹੀ ਰਚਨਾ ਇਕ ਬੁਝਾਰਤੀ ਹੈ, ਉਥੇ ਪੰਥਕ ਦੁਖਾਂਤ ਵੀ ਹੈ, ਕਿਉਂਕਿ ਜਿਸ ਰਚਨਾ ਦਾ ਗੁਰਬਾਣੀ ਨਾਲ ਕੋਈ ਮੇਲ-ਜੋਲ ਦਾ ਸੰਬੰਧ ਨਹੀਂ ਜੁੜ ਸਕਦਾ ਅਤੇ ਉਸ ਦੀ ਕਾਵਿਕ ਤਰਤੀਬ ਵੀ ਅਧੂਰੀ ਹੋਵੇ, ਅਜੇਹੀ ਕੱਚੀ ਬਾਣੀ ਨੂੰ ਸੱਚੀ ਬਾਣੀ ਵਿਚ ਸ਼ਾਮਿਲ ਕਰਨਾ ਅਤੇ ਮਨਘੜਤ ਕਹਾਣੀਆਂ ਘੜ ਕੇ ਰਾਗਮਾਲਾ ਦੀ ਮਹੱਤਤਾ ਨੂੰ ਪ੍ਰਚਾਰਨ ਬਾਰੇ ਕੀ ਸਮਝਿਆ ਜਾਵੇ?

ਵਿਦਵਾਨ ਲਿਖਾਰੀ ਨੇ ਰਾਗਮਾਲਾ ਦੇ ਅਸਲ ਕਰਤਾ ਨੂੰ ਢੂੰਡ ਲਿਆ ਹੈ ਅਤੇ ਠੋਸ ਸਬੂਤਾਂ ਦੁਆਰਾ ਇਸ ਦੀ ਪਹਿਚਾਨ ਕਰਵਾ ਦਿੱਤੀ ਹੈ। ਰਾਗਮਾਲਾ ਦਾ ਲੇਖਕ ਕਵੀ ਆਲਮ ਹੋਇਆ ਹੈ, ਜਿਸਨੇ 'ਮਾਧਵਾਨਲ ਕਾਮਕੰਦਲਾ' ਰਚਨਾ 1584 ਈ: ਵਿਚ ਲਿਖੀ। ਉਪਰੋਕਤ ਪੁਸਤਕ ਵਿਚੋਂ ਰਾਗਮਾਲਾ ਦਾ ਕੁਝ ਹਿੱਸਾ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਜੋੜਿਆ ਹੋਇਆ ਹੈ। ਆਲਮ ਕਵੀ ਦੀ ਪੈੜ ਲਈ ਲੇਖਕ ਨੇ ਅਨੇਕਾਂ ਹੀ ਉਚ-ਵਿਦਵਾਨਾਂ ਦੀਆਂ ਹਿੰਦੀ ਅਤੇ ਪੰਜਾਬੀ ਲਿਖਤਾਂ ਦਾ ਅਧਿਐਨ ਕੀਤਾ ਹੈ ਅਤੇ ਬਹੁਤ ਦਿਲਚਸਪ ਢੰਗ ਸਮੱਗਰੀ ਇਕੱਠੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਮੁੱਢ ਰੂਪ ਵਿਚ ਅਨੇਕਾਂ ਬੀੜਾਂ ਦੇਸ਼ ਦੇ ਅਨੇਕਾਂ ਇਤਿਹਾਸਕ ਥਾਵਾਂ 'ਤੇ ਸੁਰੱਖਿਅਤ ਹਨ ਅਤੇ ਰਾਗਮਾਲਾ ਰਹਿਤ ਹਨ। ਇਨ੍ਹਾਂ ਸਮੂਹ ਬੀੜਾਂ ਵਿਚ ਭੋਗ 'ਮੁੰਦਾਵਣੀ' 'ਤੇ ਹੀ ਹੈ। ਇਨ੍ਹਾਂ ਹੱਥ ਲਿਖਤ ਬੀੜਾਂ ਦੀਆਂ ਤਸਵੀਰਾਂ ਵੀ ਪੁਸਤਕ ਅੰਦਰ ਹਨ, ਤਾਂ ਜੋ ਪਾਠਕਾਂ ਨੂੰ ਕੁਝ ਬੀੜਾਂ ਦੇ ਦਿੱਖ-ਦਰਸ਼ਨ ਹੋ ਸਕਣ।

ਪੰਥ ਵਿਚੋਂ ਰਾਗਮਾਲਾ ਦੀ ਚਰਚਾ ਉਪਰੰਤ ਪੁਸਤਕ ਅੰਦਰ ਰਾਗ ਜਾਂ ਸੰਗੀਤ ਪ੍ਰਚਲਤ ਹੈ। ਸੰਗੀਤ ਦੀ ਖੋਜ ਮਨੁੱਖਾਂ ਨੇ ਕੀਤੀ ਹੈ ਅਤੇ ਅਨੇਕਾਂ ਸਾਜ਼ਾਂ ਦੀ ਭਰਮਾਰ ਹੈ ਪਰ ਸੰਗੀਤ ਵਜਾਉਣ ਜਾਂ ਗੌਣ ਦੀਆਂ ਪ੍ਰਣਾਲੀਆਂ ਭਿੰਨ ਭਿੰਨ ਹਨ। ਕਈ ਗਿਆਨੀ ਲੋਕ ਸੰਗੀਤ ਜਾਂ ਰਾਗਾਂ ਨੂੰ ਮਨੁੱਖੀ ਰੂਹਾਂ ਵਾਂਗ ਧੀਆਂ-ਪੁੱਤਰਾਂ ਵਾਲੇ ਜਨਮ ਦੇ ਕੇ ਕੌਤਕ ਰਚਦਾ ਬਣਾਉਂਦੇ ਹਨ, ਪਰ ਸਿਆਣੇ ਤੇ ਦਿਮਾਗ਼ੀ ਲੋਕਾਂ ਲਈ ਅਜੇਹੇ ਅਰਥਹੀਣ ਵਿਸ਼ਵਾਸ ਹਾਸੋ-ਹੀਣੇ ਹੀ ਹਨ।

ਲਿਖਾਰੀ ਨੇ ਇਸ ਪੁਸਤਕ ਵਿਚ ਜਾਣਕਾਰੀ ਦਵਾਰਾ ਬਹੁਤ ਲੋਕਾਂ ਨੂੰ ਨਿਸ਼ਚਿਤ ਕਰ ਦਿੱਤਾ ਹੈ। ਕਵੀ ਆਲਮ ਨੂੰ ਰਾਗਮਾਲਾ ਕਰਤੇ ਦੀ ਸਿੱਧਤਾ ਦੇ ਤਰਕ ਵਲੋਂ ਗੁਰੂ-ਘਰ ਦਾ ਵੀ ਚੋਰ ਮੰਨਿਆ ਗਿਆ ਹੈ, ਕਿਉਂਕਿ ਰਾਗਮਾਲਾ ਦਾ ਪਾਠ ਉਹੀ ਹੀ 'ਮਾਧਵਾਨਲ ਕਾਮਕੰਦਲਾ' ਗ੍ਰੰਥ ਵਿਚ ਹੈ, ਜੋ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਛਪੀ ਰਾਗਮਾਲਾ ਵਿਚ ਮਿਲਦਾ ਹੈ, ਕਿਹਾ ਜਾਂਦਾ ਰਿਹਾ ਹੈ ਕਿ ਆਲਮ ਨੇ ਰਾਗਮਾਲਾ ਗੁਰ-ਘਰ ਚੋਂ ਚੋਰੀ ਕੀਤੀ ਹੈ। ਜਦੋਂ ਆਲਮ ਦੇ ਗ੍ਰੰਥ ਦੇ ਆਰੰਭ ਵਿਚ—"ਸਨ ਨੌ ਸੈ ਇਕਿਆਨਵੇ ਆਹੀ"—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਂ ਵੀਹ-ਇੱਕੀ ਸਾਲ ਪਹਿਲਾਂ ਦਾ ਸਾਹਮਣੇ ਆਇਆ ਤਾਂ ਆਲਮ ਦੀ ਇਕ ਹੋਰ ਚੋਰੀ ਮਿਲ ਗਈ। ਕਿਹਾ ਜਾਣ ਲੱਗਾ—ਇਹ ਸੰਤ ਗੋਬਿੰਦ ਦੇ ਜੈਨ ਕਵੀ ਦੇ ਗ੍ਰੰਥ ਵਿਚੋਂ ਚੋਰੀ ਕੀਤਾ ਹੈ।

ਜਦੋਂ ਇਹ ਮਸਲਾ ਬੜੌਦਾ ਦੇ ਪ੍ਰੋਫੈਸਰ ਮੰਜੂਮਦਾਰ ਸਾਹਮਣੇ ਆਇਆ ਤਾਂ ਇਸ ਨੇ ਕਿਹਾ ਮੈਂ 'ਮਾਧਵਾਨਲ ਪ੍ਰਬੰਧ' ਗ੍ਰੰਥ ਸੰਪਾਦਨ ਕੀਤਾ ਹੈ, ਸੰਸਕ੍ਰਿਤ ਦੇ ਪ੍ਰਾਕ੍ਰਿਤ ਗ੍ਰੰਥਾਂ ਵਿਚੋਂ ਇਸ ਕਹਾਣੀ ਦੀ ਪੜਤਾਲ ਕੀਤੀ ਹੈ, ਮੈਨੂੰ ਜੈਨ ਕਵੀ ਦੀ ਰਚਨਾ 'ਮਾਧਵਾਨਲ ਕਾਮਕੰਦਲਾ' ਦਾ ਕੋਈ ਪਤਾ ਨਹੀਂ ਦੱਸਿਆ ਕੋਈ ਗੱਲ ਹੈ ਕਿ ਇਸ ਬਾਰੇ ਕੋਈ ਵੀ ਜਾਣਕਾਰੀ ਮਿਲੀ ਹੈ। ਕਿਰਪਾ ਕਰ ਕੇ ਦੱਸਿਆ ਜਾਵੇ ਕਿ ਇਹ ਗ੍ਰੰਥ ਕਿਸ ਲਾਇਬ੍ਰੇਰੀ ਵਿਚ ਹੈ ਤੇ ਇਸ ਦੀ ਕਾਪੀ ਕਿਵੇਂ ਕਿਥੋਂ ਮਿਲ ਸਕਦੀ ਹੈ? ਪਰ, ਇਹ ਕਿਤਾਬ ਹੁੰਦੀ ਤਾਂ ਮਿਲਦੀ।

ਗਿਆਨੀ ਜੀ ਨੇ ਆਲਮ ਦੀਆਂ ਪੁਰਾਣੀਆਂ ਹਵਾਲਾਂ 'ਜੋਗਣੀ' ਤੇ ਚੋਣਵੀਆਂ ਲੋਕਾਂ ਦੇ ਹਵਾਲੇ ਅਤੇ ਆਲਮ ਦੇ ਮਿੱਤਰ ਆਲਮਪੁਰਾ, ਆਲਮ ਦਾ ਭਾਲ ਕਰਨ ਵਾਲੇ ਵਿਦਵਾਨਾਂ ਨਾਲ ਸੰਪਰਕ ਕਰ ਕੇ, ਅਸਿੱਧੀਆਂ ਕਲਪਨਾਵਾਂ ਦਾ ਖ਼ਾਤਮਾ ਕਰ ਦਿੱਤਾ ਹੈ। ਆਲਮ ਕਵੀ ਬਾਰੇ ਪੁਰਾਣੀਆਂ ਲਿਖਤਾਂ ਅਤੇ ਹਿੰਦੀ ਦੇ ਵਿਦਵਾਨਾਂ ਦੇ ਕਦੇ ਹੋਏ ਗੁਣ ਸ਼ਾਮਲ ਕਰਕੇ, ਹਿੰਦੀ ਸਾਹਿੱਤ ਦੇ ਇਤਿਹਾਸ, ਸੰਬੰਧਤ ਕੋਸ਼ਾਂ ਤੋਂ ਇਲਾਵਾ ਹਿੰਦੀ ਸਾਹਿੱਤ ਦੇ ਇਨਸਾਈਕਲੋਪੀਡੀਆ ਦੇ ਹਵਾਲੇ ਦੇ ਕੇ ਇਸ ਗੁੰਝਲ ਨੂੰ ਖ਼ਤਮ ਕਰ ਦਿੱਤਾ, ਕਿਉਂਕਿ ਇਨ੍ਹਾਂ ਸਰੋਤਾਂ ਗ੍ਰੰਥਾਂ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਗਮਾਲਾ' ਆਲਮ ਕਵੀ ਦੀ ਰਚਨਾ ਹੈ।

ਜਦੋਂ ਤੋਂ ਸੁਧਾਰਕ ਸਿੰਘਾਂ ਵਲੋਂ ਗੁਰਦੁਆਰਾ ਉੱਤੇ ਕਬਜ਼ੇ ਕੀਤੇ ਜਾਣ ਲੱਗੇ, ਉਸ ਵੇਲੇ ਤੋਂ ਹੀ ਉਨ੍ਹਾਂ ਧਾਮਾਂ ਵਿਚ 'ਮੁੰਦਾਵਣੀ' ਉੱਤੇ ਭੋਗ ਪੈਣ ਲੱਗੇ। ਪੁਸਤਕ ਦੇ ਪੰਨਾ 211 ਉੱਪਰ ਇਕ ਇਤਿਹਾਸਕ ਸਮਾਗਮ, ਜੋ 21 ਜੁਲਾਈ, 1925 ਨੂੰ ਜੋੜ ਦੇ ਅਸਥਾਨ 'ਤੇ ਹੋਇਆ, ਦਾ ਠੀਕ ਨਕਸ਼ਾ ਖਿੱਚਿਆ ਗਿਆ ਹੈ। ਪੰਥ ਵਲੋਂ ਅਖੰਡਪਾਠਾਂ ਦੇ ਭੋਗ ਸਮੇਂ ਭੋਗ ਮੁੰਦਾਵਣੀ 'ਤੇ ਪਾਇਆ ਗਿਆ ਤੇ ਇਸ ਸਮਾਗਮ ਵਿਚ ਸਿੱਖ ਪੰਥ ਦੀਆਂ ਸਮੂਹ ਹਸਤੀਆਂ ਹਾਜ਼ਰ ਸਨ, ਉਥੇ ਪੰਥ ਦੀ ਸਿਰਮੌਰ ਹਸਤੀ ਬਾਬਾ ਅਤਰ ਸਿੰਘ ਜੀ ਮਸਤੂਆਣਾ ਵੀ ਦੀਵਾਨ ਵਿਚ ਹਾਜ਼ਰ ਸਨ। ਇਸ ਇਤਿਹਾਸਕ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਥ ਵਿਚ ਭੋਗ ਮੁੰਦਾਵਣੀ 'ਤੇ ਹੀ ਪਾਉਣ ਦੀ ਪਰੰਪਰਾ ਪ੍ਰਚਲਤ ਸੀ ਅਤੇ ਚੀਫ਼ ਖ਼ਾਲਸਾ ਦੀਵਾਨ ਬਾਰੇ ਜਿਵੇਂ ਗਿਆਨੀ ਨਰੈਣ ਸਿੰਘ ਜੀ ਮੁਜੰਗਾਂ ਨੇ ਆਪਣੇ ਟੀਕੇ ਵਿਚ ਲਿਖਿਆ ਹੈ ਕਿ ਜਦੋਂ ਇਹ ਮਨਿਆ—ਚੀਫ਼ ਖ਼ਾਲਸਾ ਦੀਵਾਨ ਦੇ ਸਾਰੇ ਮੈਂਬਰ ਰਾਗਮਾਲਾ ਵਿਰੋਧੀ ਸਨ। ਇਨ੍ਹਾਂ ਤਕਬੂਲ ਤੱਥਾਂ ਦੇ ਆਧਾਰ 'ਤੇ ਉਸੇ ਪਰੰਪਰਾ ਨੂੰ ਮੁੜ ਬਹਾਲ ਕਰਨਾ ਚਾਹੀਦਾ ਹੈ।

ਗਿਆਨੀ ਜੀ ਵਲੋਂ 'ਮੁੰਦਾਵਣੀ' ਰਚਨਾ ਗੁਰਮਤਿ ਸਾਹਿਤ ਦੇ ਅਨਮੋਲ ਅਤੇ ਪ੍ਰਮਾਣਿਤ ਸਰੋਤਾਂ ਵਿਚੋਂ ਇਕ ਵਿਸ਼ੇਸ਼ ਅਹਿਮੀਅਤ ਰੱਖਣ ਵਾਲੀ ਪੁਸਤਕ ਮੰਨੀ ਜਾਣ ਦੇ ਯੋਗ ਹੈ। ਵਿਦਵਾਨ ਤੇ ਸਰਬਪੱਖਨ ਹੋਣਾ ਵੀ ਇਕ ਵਿਸ਼ੇਸ਼ ਗੁਣ ਹੈ ਅਤੇ ਦੋਨਾਂ ਗੁਣਾਂ ਦਾ ਸੁਮੇਲ ਰੱਖਣ ਵਾਲੇ ਵਿਦਵਾਨ ਵਿਰਲੇ ਹਨ। ਗਿਆਨੀ ਗੁਰਦਿੱਤ ਸਿੰਘ ਜੀ ਜਿਥੇ ਸਿਰਮੌਰ ਸੋਮਿਆਂ ਵਿਚੋਂ ਇਕ ਹਨ, ਉਥੇ ਇਨ੍ਹਾਂ ਨੂੰ ਗੁਰਬਾਣੀ ਵਿਚ ਅਥਾਹ ਸ਼ਰਧਾ ਹੈ। ਇਨ੍ਹਾਂ ਨੂੰ ਮਹਾਨ ਪੰਥਕ ਹਸਤੀਆਂ ਦੇ ਸੰਗੀ-ਸਾਥੀ ਹੋਣ ਦਾ ਵੀ ਸੁਭਾਗ ਪ੍ਰਾਪਤ ਹੋਇਆ ਹੈ। ਗਿਆਨੀ ਜੀ ਨੇ ਬਤੌਰ ਸਿੱਖ ਚਿੰਤਕ ਅਤੇ ਸਾਹਿੱਤ ਰਚੇਤਾ, ਵੱਡੀ ਜਦੋਜਹਿਦ ਕਰ ਕੇ ਕੌਮ ਲਈ ਅਮੋਲ ਤੇ ਠੋਸ ਤੱਥਾਂ ਦੇ ਆਧਾਰ 'ਤੇ ਪੁਸਤਕ ਦੇ ਦਿੱਤੀ ਹੈ ਤਾਂ ਜੁ ਪੰਥਕ ਵਿਦਵਾਨ ਪੰਥ ਦੇ ਹਿਤਾਂ ਨੂੰ ਮੁੱਖ ਰੱਖ ਕੇ ਭਵਿੱਖ ਵਿਚ ਕੋਈ ਅੰਤਿਮ ਫ਼ੈਸਲਾ ਕਰ ਸਕਣ। •

